# 3rd India-New Zealand Foreign Office Consultations

May 25, 2021

---

## ਭਾਰਤ ਅਤੇ ਨਿਊਜ਼ੀਲੈਂਡ ਦੇ ਵਿਦੇਸ਼ ਦਫਤਰਾਂ ਵਿਚਾਲੇ ਤੀਜਾ ਸਲਾਹ - ਮਸ਼ਵਰਾ

25 ਮਈ, 2021

1. ਭਾਰਤ ਅਤੇ ਨਿਊਜ਼ੀਲੈਂਡ ਦੇ ਵਿਦੇਸ਼ ਦਫ਼ਤਰਾਂ ਦਾ ਤੀਜਾ ਸਲਾਹ - ਮਸ਼ਵਰਾ 25 ਮਈ, 2021 ਨੂੰ ਵਰਚੂਅਲ ਮਾਧਿਅਮ ਰਾਹੀਂ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੂਰਬ ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਅਤੇ ਨਿਊਜ਼ੀਲੈਂਡ ਦੀ ਅਗਵਾਈ ਵਿਦੇਸ਼ ਮੰਤਰਾਲੇ ਅਤੇ ਵਪਾਰ ਮੰਤਰਾਲੇ ਦੇ ਅਮਰੀਕਾ ਅਤੇ ਏਸ਼ੀਆ ਸਮੂਹ ਦੇ ਉਪ - ਸਕੱਤਰ ਸ਼੍ਰੀ ਮਾਰਕ ਸਿੰਕਲੇਅਰ ਨੇ ਕੀਤੀ। ਵਿਚਾਰ ਵਟਾਂਦਰੇ ਦਾ ਪਿਛਲਾ ਦੌਰ 5 ਫਰਵਰੀ 2019 ਨੂੰ ਨਵੀਂ ਦਿੱਲੀ ਵਿਖੇ ਹੋਇਆ ਸੀ।

2. ਮੌਜੂਦਾ ਦੁਵੱਲੇ ਸਹਿਯੋਗ ਦੀ ਵਿਆਪਕ ਸਮੀਖਿਆ ਕਰਦੇ ਹੋਏ ਦੋਵਾਂ ਪੱਖਾਂ ਨੇ ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਨਿਵੇਸ਼, ਪੁਲਾੜ, ਅੱਤਵਾਦ-ਰੋਧ, ਸਾਈਬਰ ਸੁਰੱਖਿਆ, ਨਿਹੱਥਾਕਰਨ ਅਤੇ ਮੌਸਮੀ ਤਬਦੀਲੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਬੰਧਾਂ ਨੂੰ ਡੂੰਘਾ ਕਰਨ ਅਤੇ ਲੋਕ ਪੱਧਰੀ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਰਫਤਾਰ ਵਧਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

3. COVID - 19 ਮਹਾਂਮਾਰੀ ਦੇ ਪ੍ਰਤੀਕਰਮ ਅਤੇ ਆਲਮੀ ਤੌਰ ਤੇ COVID ਦੇ ਟੀਕਿਆਂ ਅਤੇ ਦਵਾਈਆਂ ਦੀ ਪਹੁੰਚ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

4. ਦੋਵਾਂ ਪੱਖਾਂ ਨੇ ਵੱਖ-ਵੱਖ ਖੇਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਨੇਮ ਅਧਾਰਤ ਅੰਤਰਰਾਸ਼ਟਰੀ ਵਿਵਸਥਾ ਅਤੇ ਮੁਕਤ, ਖੁੱਲਾ ਅਤੇ ਸਮਾਵੇਸ਼ੀ ਭਾਰਤ-ਪ੍ਰਸ਼ਾਂਤ ਖੇਤਰ ਬਣਾਉਣ ਖੇਤਰ ਲਈ ਨੇੜਲੇ ਸਹਿਯੋਗ ਦੀ ਮਹੱਤਤਾ ਨੂੰ ਦੁਹਰਾਇਆ। ਉਨ੍ਹਾਂ ਨੇ ਬਹੁਪੱਖੀ ਅਤੇ ਖੇਤਰੀ ਮੰਚਾਂ ਤੇ ਤਾਲਮੇਲ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

5. ਇਹ ਮਸ਼ਵਰੇ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿੱਚ ਹੋਏ. ਦੋਵੇਂ ਪੱਖਾਂ ਨੇ ਆਪਣੀ ਸਹੂਲਤ ਅਨੁਸਾਰ ਅਗਲੇ ਸਲਾਹ-ਮਸ਼ਵਰੇ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
25 ਮਈ, 2021

DISCLAIMER: This is an approximate translation. The original is available in English on MEA's website and may be referred to as the official press release.